بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.06.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬਾ ਹਜ਼ਰਤ ਸਈਦ ਬਿਨ ਜ਼ੈਦ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਯਾਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਜੂਨ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔ اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਯਾਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਸਹਾਬਾ ਦਾ ਮੈਂ ਜ਼ਿਕਰ ਕਰਾਂਗਾ ਉਹਨਾ ਵਿੱਚੋਂ ਇਕ ਹਨ ਹਜ਼ਰਤ ਸਈਦ ਬਿਨ ਜ਼ੈਦ ਰਜ਼ੀ ਅਲੱਾਹ ਅਨਹੁ । ਹਜ਼ਰਤ ਸਈਦ ਦੇ ਪਿਤਾ ਦਾਂ ਨਾਂ ਜ਼ੈਦ ਬਿਨ ਉਮਰੋ ਸੀ ਅਤੇ ਮਾਤਾ ਦਾ ਨਾਂ ਫ਼ਤਿਮਾ ਸੀ, ਇਹਨਾ ਦਾ ਸੰਬੰਧ ਕਬੀਲਾ ਅਦੀ ਬਿਨ ਕਅਬ ਬਿਨ ਲੋਈ ਨਾਲ ਸੀ । ਹਜ਼ਰਤ ਸਈਦ ਬਿਨ ਜ਼ੈਦ ਦਾ ਕੱਦ ਲਮੱਾ ਰੰਗ ਕਣਕ ਭਿੰਨਾ ਤੇ ਵਾਲ ਘਣੇ ਸਨ । ਇਹ ਹਜ਼ਰਤ ਉਮਰ ਬਿਨ ਖ਼ਤਾਬ ਦੇ ਚਾਚੇ ਵੱਲੋਂ ਭਰਾ ਸਨ । ਇਹਨਾ ਦਾ ਸ਼ਜਰਾ ਨਸਬ ਅੱਠਵੀਂ ਪੀੜ੍ਹੀ'ਤੇ ਜਾਕੇ ਕਅਬ ਬਿਨ ਲੋਈ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਮਿਲਦਾ ਹੈ । ਹਜ਼ਰਤ ਸਈਦ ਦੀ ਭੈਣ ਆਤਿਕਾ ਦਾ ਵਿਆਹ ਹਜ਼ਰਤ ਉਮਰ ਨਾਲ ਅਤੇ ਹਜ਼ਰਤ ਉਮਰ ਦੀ ਭੈਣ ਫ਼ਤਿਮਾ ਦਾ ਵਿਆਹ ਹਜ਼ਰਤ ਸਈਦ ਨਾਲ ਹੋਇਆ ਸੀ ਅਤੇ ਇਹ ਉਹੋ ਭੈਣ ਹੈ ਜੋ ਹਜ਼ਰਤ ਉਮਰ ਦੇ ਇਸਲਾਮ ਕੁਬੂਲ ਕਰਨ ਦਾ ਸਬਬ ਬਣੀ ਸੀ । ਹਜ਼ਰਤ ਸਈਦ ਦੇ ਪਿਤਾ ਜ਼ੈਦ ਬਿਨ ਉਮਰੋ ਜਹਾਲਤ ਦੇ ਯੁੱਗ ਵਿੱਚ ਵੀ ਇਕ ਰੱਬ ਦੀ ਇਬਾਦਤ ਕਰਿਆ ਕਰਦੇ ਸਨ ਅਤੇ ਹਜ਼ਰਤ ਇਬ੍ਰਾਹੀਮ ਦੇ ਦੀਨ ਦੀ ਭਾਲ ਕਰਦੇ ਸਨ ਅਤੇ ਕਿਹਾ ਕਰਦੇ ਸਨ ਕਿ ਜੋ ਹਜ਼ਰਤ ਇਬ੍ਰਾਹੀਮ ਦਾ ਮਾਬੂਦ (ਜਿਸਦੀ ਪੂਜਾ ਕੀਤੀ ਜਾਏ) ਹੈ ਉਹੋ ਮੇਰਾ ਮਾਬੂਦ ਹੈ ਅਤੇ ਜੋ ਇਬ੍ਰਾਹੀਮ ਦਾ ਦੀਨ ਹੈ ਉਹੋ ਮੇਰਾ ਦੀਨ ਹੈ । ਇਸ ਜ਼ਮਾਨੇ ਵਿੱਚ ਵੀ ਇਕ ਈਸ਼ਵਰਵਾਦੀ ਮੌਜੂਦ ਸਨ, ਕਈ ਬੱਚੇ ਪ੍ਰਸ਼ਨ ਕਰ ਦਿੰਦੇ ਹਨ ਕਿ ਇਸਲਾਮ ਤੋਂ ਪਹਿਲਾਂ

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਕੀ ਧਰਮ ਸੀ, ਕਿਸਦੀ ਇਬਾਦਤ ਕਰਦੇ ਸਨ ? ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤਾਂ ਸਭ ਤੋਂ ਵੱਡੇ ਇਕ ਈਸ਼ਵਰਵਾਦੀ ਸਨ ਅਤੇ ਇਕ ਰੱਬ ਦੀ ਇਬਾਦਤ ਕਰਦੇ ਸਨ । ਜ਼ੈਦ ਬਿਨ ਉਮੱਰੋ ਹਰ ਪ੍ਰਕਾਰ ਦੀ ਅਵਗਿਆ ਤੇ ਅਨੈਤਿਕਤਾ ਭਾਵ ਇਹ ਕਿ ਮੁਸ਼ਰਿਕਾਂ ਦੇ ਜ਼ਿਬਾਹ ਕੀਤੇ ਤੋਂ ਵੀ ਬਚਦੇ ਸਨ ।

ਜ਼ੈਦ ਬਿਨ ਉਮੱਰੋ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾ ਜ਼ਮਾਨਾ ਪਇਆ ਪਰ ਆਪ ਦੇ ਦਾਵੇ ਤੋਂ ਪਹਿਲਾਂ ਦੇਹਾਂਤ ਹੋ ਗਿਆ ਸੀ । ਹਜ਼ਰਤ ਆਮਿਰ ਬਿਨ ਰਬੀਆ ਬਿਆਨ ਕਰਦੇ ਹਨ ਕਿ ਇਕ ਵਾਰ ਉਹਨਾ ਨੇ ਮੈਂਨੂੰ ਕਿਹਾ ਕਿ ਹੇ ਆਮਿਰ, ਦੇਖੋ ਮੈਂਨੂੰ ਆਪਣੀ ਕੌਮ ਨਾਲ ਮਤਿਭੇਦ ਹੈ ਮੈਂ ਇਬ੍ਰਾਹੀਮੀ ਕੌਮ ਦੀ ਪੈਰ੍ਹਵੀ ਕਰਨ ਵਾਲਾ ਹਾਂ ਅਤੇ ਮੈਂ ਇਸਮਾਈਲ ਦੀ ਬੰਸ ਵਿੱਚੋਂ ਇਕ ਨਬੀ ਦਾ ਉਡੀਕਵਾਨ ਹਾਂ, ਪਰ ਇਉਂ ਲਗਦਾ ਹੈ ਕਿ ਮੈਂਨੂੰ ਉਸ ਦਾ ਜ਼ਮਾਨਾ ਨਸੀਬ ਨਹੀਂ ਹੋਵੇਗਾ ਕਿ ਉਸਦੀ ਪੁਸ਼ਟੀ ਕਰਾਂ ਅਤੇ ਉਸ'ਤੇ ਇਮਾਨ ਲਿਆਵਾਂ ਅਤੇ ਗਵਾਹੀ ਦਿਆਂ ਕਿ ਉਹ ਸਚੱਾ ਨਬੀ ਹੈ । ਹੇ ਆਮਿਰ ਜੇਕਰ ਤੁਸੀਂ ਇਸ ਨਬੀ ਦਾ ਜ਼ਮਾਨਾ ਦੇਖੋ ਤਾਂ ਉਸਨੂੰ ਮੇਰਾ ਸਲਾਮ ਆਖਣਾ । ਆਮਿਰ ਕਹਿੰਦੇ ਹਨ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਪ੍ਰਗਟ ਹੋਏ ਤਾਂ ਮੈਂ ਮੁਸਲਮਾਨ ਹੋ ਗਿਆ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਜ਼ੈਦ ਬਿਨ ਉਮੱਰੋ ਦਾ ਸੰਦੇਸ਼ ਦਿਤੱਾ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਸਲਾਮ ਦਾ ਉਤੱਰ ਦਿਤੱਾ ਅਤੇ ਉਹਨਾ ਲਈ ਰਹਮਤ ਦੀ ਦੁਆ ਕੀਤੀ ਅਤੇ ਫ਼ਰਮਾਇਆ ਮੈਂ ਉਸਨੂੰ ਸਵਰਗ ਵਿੱਚ ਇਸ ਪ੍ਰਕਾਰ ਦੇਖਿਆ ਕਿ ਉਹ ਆਪਣੇ ਦਾਮਨ ਨੂੰ ਸਮੇਟ ਰਿਹਾ ਸੀ । ਜ਼ੈਦ ਬਿਨ ਉਮੱਰੋ ਨੂੰ ਆਪਣੇ ਇਕ ਈਸ਼ਵਰਵਾਦੀ ਹੋਣ'ਤੇ ਬਹੁਤ ਮਾਣ ਸੀ ।

ਸਈਦ ਬਿਨ ਮੁਸੈਬ ਤੋਂ ਰਿਵਾਇਤ ਹੈ ਕਿ ਜ਼ੈਦ ਬਿਨ ਉਮੱਰੋ ਦਾ ਦੇਹਾਂਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਗਟ ਹੋਣ ਤੋਂ ਪੰਜ ਸਾਲ ਪਹਿਲਾਂ ਹੋਇਆ । ਇਕ ਰਿਵਾਇਤ ਵਿੱਚ ਹੈ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਜ਼ੈਦ ਬਿਨ ਉਮੱਰੋ ਬਾਰੇ ਪੁੱਛਿਆ ਗਿਆ ਤਾਂ ਆਪ ਨੇ ਫ਼ਰਮਾਇਆ ਉਹ ਕਯਾਮਤ ਦੇ ਦਿਨ ਇਕੱਲੇ ਹੀ ਇਕ ਕੌਮ ਦੇ ਬਰਾਬਰ ਉਠਾਏ ਜਾਣਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਿਵੇਂ ਕਿ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ ਕਿ ਹਜ਼ਰਤ ਸਈਦ ਬਿਨ ਜ਼ੈਦ ਹਜ਼ਰਤ ਉਮਰ ਦੇ ਭਣਵੱਈਏ ਸਨ ਅਤੇ ਹਜ਼ਰਤ ਸਈਦ ਬਿਨ ਜ਼ੈਦ ਦੀ ਭੈਣ ਆਤਿਕਾ ਬਿੰਤ ਜ਼ੈਦ ਹਜ਼ਰਤ ਉਮਰ ਦੇ ਨਿਕਾਹ ਵਿੱਚ ਆਈ ਸਨ । ਹਜ਼ਰਤ ਸਈਦ ਬਿਨ ਜ਼ੈਦ ਅਤੇ ਉਹਨਾ ਦੀ ਪਤਨੀ ਹਜ਼ਰਤ ਫ਼ਾਤਿਮਾ ਬਿੰਤ ਖ਼ਤਾਬ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਦਾਰੇ ਅਰਕਮ ਵਿੱਚ ਜਾਣ ਤੋਂ ਪਹਿਲਾਂ ਇਮਾਨ ਲੈ ਆਏ ਸਨ ਅਤੇ ਹਜ਼ਰਤ ਸਈਦ ਦੀ ਪਤਨੀ ਜਿਵੇਂ ਕਿ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ ਹਜ਼ਰਤ ਉਮਰ ਦੇ ਇਮਾਨ ਲਿਆਉਣ ਦਾ ਸਬਬ ਬਣੀ ਸਨ ।

ਫਿਰ ਹਜ਼ੂਰ ਅਨਵਰ ਨੇ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਇਸਲਾਮ ਕੁਬੂਲ ਕਰਨ ਦੀ ਘਟਨਾ ਨੂੰ ਅਤਿਅੰਤ ਸੁੰਦਰ ਢੰਗ ਨਾਲ ਬਿਆਨ ਕਰਨ ਦੇ ਬਾਦ ਫ਼ਰਮਾਇਆ, ਸੋ, ਇਹ ਸਨ ਹਜ਼ਰਤ ਸਈਦ ਜੋ ਹਜ਼ਰਤ ਉਮਰ ਦੇ ਇਮਾਨ ਲਿਆਉਣ ਦਾ ਸਾਧਨ ਬਣੇ । ਹਜ਼ਰਤ ਸਈਦ ਬਿਨ ਜ਼ੈਦ ਪਹਿਲੇ ਮੁਹਾਜਰਾਂ ਵਿੱਚੋਂ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੀ ਭਾਈਬੰਦੀ ਹਜ਼ਰਤ ਰਾਫ਼ਿ ਬਿਨ ਮਾਲਕ ਨਾਲ ਜੱਦ ਕਿ ਇਕ ਰਿਵਾਇਤ ਅਨੁਸਾਰ ਹਜ਼ਰਤ ਅਬੀ ਬਿਨ ਕਅਬ ਨਾਲ ਕਰਵਾਈ ।

ਹਜ਼ਰਤ ਸਈਦ ਬਿਨ ਜ਼ੈਦ ਬਦਰ ਦੀ ਜੰਗ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ । ਹਜ਼ਰਤ ਸਈਦ ਬਿਨ ਜ਼ੈਦ ਦਾ ਬਦਰ ਦੀ ਜੰਗ ਵਿੱਚ ਸ਼ਾਮਲ ਨ ਹੋਣ ਦਾ ਕਾਰਣ ਇਹ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਕੁਰੈਸ਼ ਦੇ ਇਕ ਜੱਥੇ ਦੀ ਸ਼ਾਮ ਵੱਲੋਂ ਰਵਾਨਗੀ ਦਾ ਅਨੁਮਾਨ ਲਾਇਆ ਤਾਂ ਆਪ ਨੇ ਮਦੀਨੇ ਤੋਂ ਆਪਣੀ ਰਵਾਂਨਗੀ ਤੋਂ ਦੱਸ ਦਿਨ ਪਹਿਲਾਂ ਹਜ਼ਰਤ ਤਲਹਾ ਬਿਨ ਉਬੈਦੁਲੱਾਹ ਅਤੇ ਹਜ਼ਰਤ ਸਈਦ ਬਿਨ ਜ਼ੈਦ ਨੂੰ ਜੱਥੇ ਦੀ ਸੂਚਨਾ ਲਈ ਭੇਜਿਆ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਹਜ਼ਰਤ ਤਲਹਾ ਅਤੇ ਹਜ਼ਰਤ ਸਈਦ ਦੇ ਵਾਪਸ ਆਉਣ ਤੋਂ ਪਹਿਲਾਂ ਹੀ ਇਹ ਖ਼ਬਰ ਪਤਾ ਲੱਗ ਗਈ ਕਿ ਉਹ ਜਥੱਾ ਉੱਥੋਂ ਲੰਘ ਚੁਕਿਆ ਹੈ । ਹਜ਼ਰਤ ਤਲਹਾ ਬਿਨ ਉਬੈਦੁਲੱਾਹ ਅਤੇ ਹਜ਼ਰਤ ਸਈਦ ਬਿਨ ਜ਼ੈਦ ਮਦੀਨੇ ਲਈ ਪਰਤੇ ਤਾਂ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਜੱਥੇ ਦੀ ਖ਼ਬਰ ਦੇਣ ਇਹਨਾ ਦੋਹਾਂ ਨੂੰ ਆਪ ਦੇ ਬਦਰ ਦੀ ਜੰਗ ਲਈ ਜਾਣ ਬਾਰੇ ਪਤਾ ਨਹੀਂ ਸੀ । ਇਹ ਮਦੀਨੇ ਉਸ ਦਿਨ ਪਹੁੰਚੇ ਜਿਸ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਬਦਰ ਵਿੱਚ ਕੁਰੈਸ਼ ਦੇ ਲਸ਼ਕਰ ਨਾਲ ਮੁਕਾਬਲਾ ਕੀਤਾ ਸੀ । ਇਹ ਦੋਵੇਂ ਵੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਣ ਲਈ ਮਦੀਨੇ ਤੋਂ ਚੱਲੇ ਅਤੇ ਆਪ ਜੀ ਦੀ ਬਦਰ ਤੋਂ ਵਾਪਸੀ'ਤੇ ਤਰਬਾਨ ਵਿੱਚ ਮਿਲੇ । ਸੰਭਵਤਾ ਇਹ ਦੋਵੇਂ ਜੰਗ ਵਿੱਚ ਸ਼ਾਮਲ ਨ ਹੋਏ ਪਰ ਰਸੂਲੁਲੱਾਹ ਸਲਲੱਾਹੁ ਅਲੈਹਿ ਨੇ ਮਾਲੇ ਗ਼ਨੀਮਤ ਵਿੱਚੋਂ ਇਹਨਾ ਨੂੰ ਹਿਸੱਾ ਦਿਤੱਾ ਅਤੇ ਇਹ ਦੋਵੇਂ ਬਦਰ ਵਿੱਚ ਭਾਗ ਲੈਂਣ ਵਾਲਿਆਂ ਵਿੱਚ ਮਿੱਥੇ ਗਏ ।

ਹਜ਼ਰਤ ਸਈਦ ਬਿਨ ਜ਼ੈਦ ਅਸ਼ਰਾ ਮੁਬਸ਼ੱਰਾ ਅਰਥਾਤ ਉਹਨਾ ਖ਼ੁਸ਼ਨਸੀਬੇ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਮੂੰਹੋਂ ਇਸੇ ਦੁਨੀਆ ਵਿੱਚ ਸਵਰਗ ਦੀ ਖ਼ੁਸ਼ਖਬਰੀ ਮਿਲੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਬਿਆਨ ਕਰਦੇ ਹਨ ਕਿ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲਮ ਨੇ ਅਬੂਬਕਰ, ਉਮਰ, ਉਸਮਾਨ, ਅਲੀ, ਤਲਹਾ, ਜ਼ੁਬੈਰ, ਅਬਦੁਰ ਰਹਮਾਨ ਬਿਨ ਔਫ਼, ਸਈਦ ਬਿਨ ਅਬੀ ਵਕਾਸ, ਸਈਦ ਬਿਨ ਜ਼ੈਦ, ਅਤੇ ਅਬੂ ਉਬੈਦਾਹ ਬਿਨ ਜਿਰਾਹ ਵਿੱਚੋਂ ਇਕ ਇਕ ਦਾ ਨਾਂ ਲੈਕੇ ਫ਼ਰਮਾਇਆ ਕਿ ਇਹ ਸਵਰਗਵਾਸੀ ਹਨ ।

ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਸ਼ਾਮ ਨੇ ਮਾਅਰਕੇ ਵਿੱਚ ਜੱਦ ਬਕਾਇਦਾ ਫ਼ੌਜ ਨਾਲ ਚੜ੍ਹਾਈ ਹੋਈ ਤਾਂ ਹਜ਼ਰਤ ਸਈਦ ਬਿਨ ਜ਼ੈਦ ਹਜ਼ਰਤ ਉਬੈਦਾਹ ਦੇ ਅਧੀਨ ਪੈਦਲ ਫ਼ੌਜ ਦੀ ਅਫ਼ਸਰੀ ਉਪੱਰ ਨਿਯੁਕਤ ਹੋਏ । ਦਮਿਸ਼ਕ ਦੇ ਘੇਰੇ ਅਤੇ ਯਰਮੂਕ ਦੀ ਨਿਰਣਾਇਕ ਜੰਗ ਵਿੱਚ ਉਤੱਮ ਸੂਜਬੂਝ ਤੇ ਜਾਂਬਾਜ਼ੀ ਨਾਲ ਸ਼ਾਮਲ ਰਹੇ । ਹਜ਼ਰਤ ਸਈਦ ਬਿਨ ਜ਼ੈਦ ਦੇ ਸਾਹਮਣੇ ਬਹੁਤ ਸਾਰੇ ਇਨਕਲਾਬ ਵਾਪਰੇ ਅਤੇ ਵੀਹਾਂ ਖ਼ਾਨਾ ਜੰਗੀਆਂ ਪੇਸ਼ ਆਈਆਂ ਅਤੇ ਉਹ ਆਪਣੀ ਸੂਜਬੂਝ ਤੇ ਦੂਰਅੰਦੇਸ਼ੀ ਦੇ ਸਬਬ ਇਹਨਾ ਝਗੜਿਆਂ ਤੋਂ ਹਮੇਸ਼ਾ ਹੀ ਇਕ ਪਾਸੇ ਰਹੇ ਪਰ, ਹਾਂ, ਜਿਸ ਬਾਰੇ ਆਪਣੀ ਜੋ ਰਾਏ ਰਖੱਦੇ ਸਨ ਉਸ ਨੂੰ ਅਜ਼ਾਦੀ ਨਾਲ ਪ੍ਰਕਟ ਕਰਨ ਵਿੱਚ ਝਕੱਦੇ ਵੀ ਨਹੀਂ ਸਨ ।

ਹਜ਼ਰਤ ਸਈਦ ਬਿਨ ਜ਼ੈਦ ਨੇ ਪੰਜਾਹ ਜਾਂ ਇਕਵੰਜਾ ਹਿਜਰੀ ਵਿੱਚ ਲਗਭਗ ਸਤੱਰ ਸਾਲ ਦੀ ਉਮਰ ਵਿੱਚ ਅਤੇ ਕੁਝ ਰਿਵਾਇਤਾਂ ਅਨੁਸਾਰ ਸਤੱਰ ਤੋਂ ਵੱਧ ਉਮਰ ਵਿੱਚ ਜੁਮਏ ਦੇ ਦਿਨ ਵਫ਼ਾਤ ਪਾਈ । ਮਦੀਨੇ ਦੇ ਨੇੜੇ ਅਕੀਕ ਅਸਥਾਨ ਵਿੱਚ ਇਹਨਾ ਦਾ ਪਕੱਾ ਟਿਕਾਣਾ ਸੀ । ਹਜ਼ਰਤ ਅਬਦੁਲੱਾਹ ਬਿਨ ਉਮਰ ਜੁਮਏ ਦੀ ਤਿਆਰੀ ਕਰ ਰਹੇ ਸਨ, ਜੱਦ ਉਹਨਾ ਨੇ ਹਜ਼ਰਤ ਸਈਦ ਬਿਨ ਜ਼ੈਦ ਦੇ ਦੇਹਾਂਤ ਦੀ ਖ਼ਬਰ ਸੁਣੀ ਤਾਂ ਉਹ ਜੁਮਏ ਵਿੱਚ ਨਹੀਂ ਗਏ ਸਗੋਂ ਉਸੇ ਸਮੇਂ ਅਕੀਕ ਵੱਲ ਰਵਾਨਾ ਹੋ ਗਏ । ਹਜ਼ਰਤ ਸਅਦ ਬਿਨ ਅਬੀ ਵਕਾਸ ਨੇ ਇਸ਼ਨਾਨ ਕਰਾਇਆ ਅਤੇ ਉਹਨਾ ਦੀ ਪਵਿਤੱਰ ਲੋਥ ਨੂੰ ਲੋਕ ਮੋਢਿਆਂ ਉਪੱਰ ਰਖੱਕੇ ਮਦੀਨੇ ਲਿਆਏ ਫਿਰ ਹਜ਼ਰਤ ਅਬਦੁਲੱਾਹ ਬਿਨ ਉਮਰ ਨੇ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਮਦੀਨੇ ਵਿੱਚ ਇਹਨਾ ਨੂੰ ਦਫ਼ਨ ਕੀਤਾ ।

ਹਜ਼ਰਤ ਸਈਦ ਬਿਨ ਜ਼ੈਦ ਨੇ ਵੱਖ ਵੱਖ ਸਮਿਆਂ ਵਿੱਚ ਦੱਸ ਵਿਆਹ ਕੀਤੇ ਅਤੇ ਇਹਨਾ ਦੀਆਂ ਪਤਨੀਆਂ ਵਿੱਚੋਂ ਤੇਰ੍ਹਾ ਲੜਕੇ ਅਤੇ ਉਂਨ੍ਹੀ (19) ਲੜਕੀਆਂ ਇਹਨਾ ਦੀਆਂ ਪੈਦਾ ਹੋਈਆਂ ।

ਅਗ਼ਲਾ ਜ਼ਿਕਰ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਦਾ ਹੈ । ਹਜ਼ਰਤ ਅਬਦੁਰ ਰਹਮਾਨ ਦਾ ਨਾਂ ਜਹਾਲਤ ਨੇ ਜ਼ਮਾਨੇ ਵਿੱਚ ਅਬਦੇ ਉਮਰ ਸੀ ਅਤੇ ਦੂਜੀ ਰਿਵਾਇਤ ਅਨੁਸਾਰ ਅਬਦੁਲ ਕਾਬਾ ਸੀ । ਇਸਲਾਮ ਲਿਆਉਣ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹ ਨਾਂ ਬਦਲਕੇ ਅਬਦੁਰ ਰਹਮਾਨ ਰੱਖ

ਦਿਤੱਾ । ਸਹਲਾ ਬਿੰਤ ਆਸਿਮ ਬਿਆਨ ਕਰਦੀ ਹਨ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਸੁਫ਼ੈਦ ਰੰਗ, ਸੁੰਦਰ ਅਖੱਾਂ ਤੇ ਲੰਮੀਆਂ ਪਲਕਾ ਵਾਲੇ ਤੇ ਲੰਮੀ ਨੱਕ ਵਾਲੇ ਸਨ, ਕੰਨ੍ਹਾ ਦੇ ਹੇਠਾਂ ਤੱਕ ਵਾਲ ਸਨ, ਗਰਦਨ ਲੰਮੀ, ਹਥੇਲੀਆ ਸੁਡੌਲ ਅਤੇ ਉਂਗਲਾਂ ਮੋਟੀਆਂ ਸਨ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਉਹਨ ਦੱਸ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਉਹਨਾ ਦੇ ਜੀਵਨ ਕਾਲ ਵਿੱਚ ਹੀ ਸਵਰਗ ਦੀ ਖ਼ੁਸ਼ਖ਼ਬਰੀ ਮਿਲ ਗਈ ਸੀ । ਆਪ ਉਹਨਾ ਸਲਾਹਕਾਰ ਸਹਾਬਾ ਦੇ ਛੇ ਵਿਅਕਤੀਆਂ ਵਿੱਚੋਂ ਇਕ ਸਨ ਜਿੰਨ੍ਹਾ ਨੂੰ ਹਜ਼ਰਤ ਉਮਰ ਨੇ ਖ਼ਿਲਾਫ਼ਤ ਦੇ ਚੋਣ ਲਈ ਨਿਯੁਕਤ ਕੀਤਾ ਅਤੇ ਇਹਨਾ ਵਿਅਕਤੀਆਂ ਬਾਰੇ ਹਜ਼ਰਤ ਉਮਰ ਨੇ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪਣੇ ਦੇਹਾਂਤ ਸਮੇਂ ਇਹਨਾ ਸਾਰਿਆਂ ਤੋਂ ਰਾਜ਼ੀ ਸਨ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਆਮਲ ਫ਼ੀਲ ਦੇ ਦੱਸ ਸਾਲ ਬਾਦ ਪੈਦਾ ਹੋਏ । ਆਪ ਉਹਨਾ ਕੁਝ ਵਿਅਕਤੀਆਂ ਵਿੱਚੋਂ ਸਨ ਜਿੰਨ੍ਹਾ ਨੇ ਜਹਾਲਤ ਦੇ ਕਾਲ ਵਿੱਚ ਵੀ ਸ਼ਰਾਬ ਨੂੰ ਆਪਣੇ ਉਪੱਰ ਹਰਾਮ ਕੀਤਾ ਹੋਇਆ ਸੀ । ਆਪ ਆਰੰਭਕ ਅੱਠ ਇਸਲਾਮ ਲਿਆਉਣ ਵਾਲਿਆਂ ਵਿੱਚੋਂ ਹਨ । ਆਪ ਹਬਸ਼ਾ ਵੱਲ ਜਾਣ ਵਾਲੀਆਂ ਦੋਵੇਂ ਹਿਜਰਤਾਂ ਵਿੱਚ ਸ਼ਾਮਲ ਸਨ । ਸਹੀ ਬੁਖ਼ਾਰੀ ਵਿੱਚ ਰਿਵਾਇਤ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਬਿਆਨ ਕਰਦੇ ਹਨ ਜੱਨ ਅਸੀਂ ਮਦੀਨੇ ਆਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਂਨੂੰ ਅਤੇ ਸਅਦ ਬਿਨ ਰਬੀਅ ਨੂੰ ਆਪੋ ਵਿੱਚ ਭਰਾ ਭਰਾ ਬਣਾ ਦਿਤੱਾ । ਅਜੇ ਕੁਝ ਸਮਾਂ ਹੀ ਲੰਘਿਆ ਸੀ ਕਿ ਹਜ਼ਰਤ ਅਬਦੁਰ ਰਹਮਾਨ ਆਏ ਅਤੇ ਉਹਨਾ'ਤੇ ਜ਼ਾਫ਼ਰਾਨ ਦਾ ਨਿਸ਼ਾਨ ਸੀ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਕਿ ਕੀ ਤੁਸੀਂ ਵਿਆਹ ਕਰ ਲਿਆ ਹੈ । ਅਰਜ਼ ਕੀਤੀ ਕਿ ਜੀ ਹਾਂ । ਆਪ ਨੇ ਫ਼ਰਮਾਇਆ ਕਿ ਕਿਸ ਨਾਲ । ਉਹਨਾ ਨੇ ਕਿਹਾ ਕਿ ਅੰਸਾਰੀ ਇਸਤਰੀ ਨਾਲ । ਫ਼ਰਮਾਇਆ ਕਿੰਨ੍ਹਾ ਮਿਹਰ ਦਿਤੱਾ ਹੈ, ਅਰਜ਼ ਕੀਤੀ ਇਕ ਗੁਠਲੀ ਦੇ ਬਰਾਬਰ ਸੋਨਾ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਵਲੀਮਾ ਵੀ ਕਰੋ ਬੇਸ਼ਕ ਇਕ ਬਕਰੀ ਦਾ ਹੀ ਸਹੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਬਦਰ ਤੇ ਉਹਦ ਦੀ ਜੰਗ ਸਣੇ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸ਼ਾਮਲ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਦਾ ਬਾਕੀ ਦਾ ਜ਼ਿਕਰ ਇੰਸ਼ਾਅਲੱਾਹ ਭਵਿੱਖ ਵਿੱਚ ਕਰਾਂਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ
اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ
یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ
وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 12.06.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131